# ਊਠਣੀ ਅਤੇ ਉਸਦਾ ਬੱਚਾ

ਇੱਕ ਦਿਨ ਊਠਣੀ ਅਤੇ ਉਸਦਾ ਬੱਚਾ ਗੱਲਾਂ ਕਰ ਰਹੇ ਹੁੰਦੇ ਹਨ। ਊਠਣੀ ਦਾ ਬੱਚਾ ਉਸਨੂੰ ਪੁੱਛਦਾ ਹੈ, ਕਿ ਸਾਡੇ ਗੋਲ ਪੈਰ, ਕੁਹਾਣ (ਕੁੱਬ) ਅਤੇ ਇੰਨੀਆਂ ਲੰਮੀਆਂ ਪਲਕਾਂ ਕਿਉਂ ਹਨ। ਊਠਣੀ ਉਸਨੂੰ ਉੱਤਰ ਦਿੰਦੀ ਹੈ, ਕਿ ਸਾਡਾ ਕੁਹਾਣ (ਕੁੱਬ) ਕਾਫੀ ਮਾਤਰਾ ਵਿੱਚ ਪਾਣੀ ਜਮ੍ਹਾ ਰੱਖਣ ਅਤੇ ਗੋਲ ਪੈਰ ਰੇਗਿਸਤਾਨ ਵਿੱਚ ਤੁਰਨ ਵਿੱਚ ਮਦਦ ਕਰਦੇ ਹਨ। ਸਾਡੀਆਂ ਲੰਮੀਆਂ ਪਲਕਾਂ ਸਾਡੀਆਂ ਅੱਖਾਂ ਨੂੰ ਧੂੜ ਕੇ ਰੇਤ ਤੋਂ ਬਚਾਉਂਦੀਆਂ ਹਨ। ਊਠਣੀ ਦਾ ਬੱਚਾ ਬਹੁਤ ਸਮਾਂ ਸੋਚ ਕੇ ਕਹਿੰਦਾ ਹੈ, ਕਿ ਫਿਰ ਅਸੀਂ ਚਿੜੀਆ ਘਰ ਵਿੱਚ ਕੀ ਕਰ ਰਹੇ ਹਾਂ।

ਸਿੱਖਿਆ: ਸਾਡੀ ਯੋਗਤਾ ਤੇ ਸਮੱਰਥਾ ਅਰਥਹੀਣ ਹੈ ਜੇਕਰ ਅਸੀਂ ਸਹੀ ਜਗ੍ਹਾਂ ਤੇ ਨਹੀਂ ਹਾਂ।